# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 10-07-2024**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਵੀਂ ਦਿੱਲੀ ਦੇ ਹੈਦਰਾਬਾਦ ਹਾਊਸ ਵਿਖੇ ਮਾਲਦੀਵ ਦੇ ਰਾਸ਼ਟਰਪਤੀ ਡਾ: ਮੁਹੰਮਦ ਮੁਈਜ਼ੂ ਨਾਲ ਗੱਲਬਾਤ ਕਰ ਰਹੇ ਨੇ । ਮੀਟਿੰਗ ਦੌਰਾਨ ਦੋਵੇਂ ਨੇਤਾ ਆਪਸੀ ਹਿੱਤਾਂ ਦੇ ਦੁਵੱਲੇ, ਖੇਤਰੀ ਅਤੇ ਅੰਤਰ-ਰਾਸ਼ਟਰੀ ਮੁੱਦਿਆਂ 'ਤੇ ਚਰਚਾ ਕਰਨਗੇ । ਮੀਟਿੰਗ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਕਈ ਸਮਝੌਤਿਆਂ 'ਤੇ ਦਸਤਖਤ ਹੋਣ ਦੀ ਉਮੀਦ ਏ। ਇਸਤੋਂ ਪਹਿਲਾਂ ਮਾਲਦੀਵ ਦੇ ਰਾਸ਼ਟਰਪਤੀ ਦਾ ਅੱਜ ਸਵੇਰੇ ਰਾਸ਼ਟਰਪਤੀ ਭਵਨ ਵਿਖੇ ਰਸਮੀ ਸਵਾਗਤ ਕੀਤਾ ਗਿਆ । ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਵਿਦੇਸ਼ ਮੰਤਰੀ ਡਾ: ਐਸ ਜੈਸ਼ੰਕਰ ਨੇ ਮਾਲਦੀਵ ਦੇ ਰਾਸ਼ਟਰਪਤੀ ਅਤੇ ਉਨ੍ਹਾਂ ਦੀ ਪਤਨੀ ਸਾਜਿਧਾ ਮੁਹੰਮਦ ਦਾ ਸਵਾਗਤ ਕੀਤਾ । ਡਾ. ਮੁਈਜ਼ੂ ਨੂੰ ਗਾਰਡ ਆਫ਼ ਆਨਰ ਵੀ ਦਿੱਤਾ ਗਿਆ । ਬਾਅਦ

ਵਿੱਚ ਡਾ: ਮੁਈਜ਼ੂ ਨੇ ਰਾਜਘਾਟ ਦਾ ਦੌਰਾ ਕੀਤਾ ਅਤੇ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਭੇਟ ਕੀਤੀ । ਮਾਲਦੀਵ ਦੇ ਰਾਸ਼ਟਰਪਤੀ ਮੁਹੰਮਦ ਮੁਈਜ਼ੂ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੇ ਸੱਦੇ 'ਤੇ ਭਾਰਤ ਦੇ ਪੰਜ ਦਿਨਾਂ ਰਾਜ ਦੌਰੇ 'ਤੇ ਨੇ।

-----------------------------------------------------------

ਪੰਜਾਬ ਵਿਚ 15 ਅਕਤੂਬਰ ਨੂੰ ਹੋਣ ਵਾਲੀਆਂ ਪੰਚਾਇਤੀ ਚੋਣਾਂ ਵਿਚ ਸਰਪੰਚੀ ਦੇ ਅਹੁਦੇ ਲਈ ਪੂਰੇ ਸੂਬੇ ਵਿਚੋਂ 52 ਹਜ਼ਾਰ ਤੋਂ ਵੱਧ ਨਾਮਜ਼ਦਗੀਆਂ ਤੇ ਪੰਚਾਂ ਲਈ 1 ਲੱਖ 66 ਹਜ਼ਾਰ ਤੋਂ ਵੱਧ ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਨੇ । ਸੂਬੇ ਵਿਚ 15 ਅਕਤੂਬਰ ਨੂੰ 13 ਹਜਾਰ 229 ਗ੍ਰਾਮ ਪੰਚਾਇਤਾਂ ਲਈ ਚੋਣਾਂ ਹੋਣਗੀਆਂ। ਰਾਜ ਚੋਣ ਕਮਿਸ਼ਨ ਵਲੋਂ ਜਾਰੀ ਬਿਆਨ ਮੁਤਾਬਕ ਸਰਪੰਚਾਂ ਲਈ ਕੁੱਲ 52 ਹਜਾਰ 825 ਨਾਮਜ਼ਦਗੀ ਪੱਤਰ ਅਤੇ ਪੰਚਾਂ ਲਈ 1 ਲਖ 66 ਹਜਾਰ 338 ਨਾਮਜ਼ਦਗੀ ਪੱਤਰ ਮਿਲੇ ਨੇ। ਚੋਣ ਪ੍ਰੋਗਰਾਮ ਮੁਤਾਬਕ ਨਾਮਜ਼ਦਗੀ ਦਾਖਲ ਕਰਨ ਦੀ ਪ੍ਰਕਿਰਿਆ 27 ਸਤੰਬਰ ਤੋਂ ਸ਼ੁਰੂ ਹੋਈ ਤੇ 4 ਅਕਤੂਬਰ ਨੂੰ ਖਤਮ ਹੋਈ

ਸੀ। 5 ਅਕਤੂਬਰ ਨੂੰ ਨਾਮਜ਼ਦਗੀ ਪੱਤਰਾਂ ਦੀ ਜਾਂਚ ਕੀਤੀ ਗਈ। ਨਾਮਜ਼ਦਗੀ ਪੱਤਰ ਅਜ ਤਕ ਵਾਪਸ ਲਏ ਜਾ ਸਕਦੇ ਨੇ। ਸੂਬੇ ਦੇ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਅਨੁਸਾਰ 15 ਅਕਤੂਬਰ ਨੂੰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਵੋਟਾਂ ਪੈਣਗੀਆਂ ਤੇ ਵੋਟਿੰਗ ਪ੍ਰਕਿਰਿਆ ਪੂਰੀ ਹੋਣ ਮਗਰੋਂ, ਉਸੇ ਦਿਨ ਵੋਟਿੰਗ ਸੈਂਟਰਾਂ 'ਤੇ ਵੋਟਾਂ ਦੀ ਗਿਣਤੀ ਹੋਵੇਗੀ। ਸੂਬੇ ਵਿਚ ਸਰਪੰਚਾਂ ਦੇ 13 ਹਜਾਰ 237 ਅਤੇ ਪੰਚਾਂ ਦੇ 83 ਹਜਾਰ 437 ਅਹੁਦਿਆਂ ਲਈ ਵੋਟਿੰਗ ਹੋਵੇਗੀ। ਸੂਬੇ ਵਿਚ ਕੁੱਲ 1 ਕਰੋੜ 33 ਲਖ 97 ਹਜਾਰ 922 ਰਜਿਸਟਰਡ ਵੋਟਰ ਨੇ ਜਿਨ੍ਹਾਂ ਵਿਚੋਂ 70 ਲਖ 51 ਹਜਾਰ 722 ਮਰਦ ਅਤੇ 63 ਲਖ 46 ਹਜਾਰ 8 ਔਰਤਾਂ ਨੇ। ਪੰਚਾਇਤੀ ਚੋਣਾਂ ਲਈ ਕੁੱਲ 19 ਹਜਾਰ 110 ਵੋਟਿੰਗ ਸੈਂਟਰ ਬਣਾਏ ਜਾਣਗੇ।

------------------------------------------------------

ਓਧਰ, ਹਰਿਆਣਾ ਦੇ ਸਾਰੇ 90 ਵਿਧਾਨ ਸਭਾ ਹਲਕਿਆਂ ਲਈ 90 ਵੋਟ ਗਿਣਤੀ ਕੇਂਦਰ ਬਣਾਏ ਗਏ ਨੇ। ਮੁੱਖ ਚੋਣ ਅਧਿਕਾਰੀ ਪੰਕਜ ਅਗਰਵਾਲ ਨੇ ਦੱਸਿਐ ਕਿ ਇਹ ਵੋਟ ਗਿਣਤੀ ਕੇਂਦਰ ਸਾਰੇ 22

ਜ਼ਿਲ੍ਹਿਆਂ ਦੇ ਮੁੱਖ ਦਫ਼ਤਰਾਂ ਵਿਚ ਬਣਾਏ ਗਏ ਨੇ । ਕਾਲਕਾ ਤੇ ਪੰਚਕੁਲਾ ਸੀਟਾਂ ਦੀਆਂ ਵੋਟਾਂ ਦੀ ਗਿਣਤੀ ਪੰਚਕੁਲਾ ਵਿਚ ਤੇ ਨਾਰਾਇਣਗੜ੍ਹ , ਅੰਬਾਲਾ ਛਾਉਣੀ, ਅੰਬਾਲਾ ਸ਼ਹਿਰ ਅਤੇ ਮੁਲਾਨਾ ਸੀਟਾਂ ਲਈ ਵੋਟਾਂ ਦੀ ਗਿਣਤੀ ਅੰਬਾਲਾ ਵਿਚ ਹੋਵੇਗੀ । ਸ਼੍ਰੀ ਅਗਰਵਾਲ ਨੇ ਦੱਸਿਐ ਕਿ ਸਾਰੇ ਸਟ੍ਰਾਂਗ ਰੂਮਜ਼ ਸੀ.ਸੀ.ਟੀ.ਵੀ. ਦੀ ਨਿਗਰਾਨੀ ਵਿਚ ਨੇ । ਹਰਿਆਣਾ ਪੁਲਿਸ ਤੇ ਨੀਮ ਫੌਜੀ ਬਲ ਸਟ੍ਰਾਂਗ ਰੂਮਜ਼ ਦੀ ਸੁਰੱਖਿਆ ਵਿਚ ਤਾਇਨਾਤ ਕੀਤੇ ਗਏ ਨੇ ।

---------------------------------------------------

ਐਨਫੋਰਸਮੈਂਟ ਡਾਇਰਕਟੋਰੇਟ ਵੱਲੋਂ ਪੰਜਾਬ ਦੇ ਲੁਧਿਆਣਾ ਜ਼ਿਲੇ 'ਚ ਤੜਕਸਾਰ ਛਾਪੇ ਮਾਰੇ ਗਏ। ਲੁਧਿਆਣਾ ਤੋਂ ਸਾਡੇ ਪੱਤਰਕਾਰ ਨੇ ਦਸਿਆ ਏ ਕਿ ਦੇ ਵਪਾਰੀ ਹੇਮੰਤ ਸੂਦ ਅਤੇ ਆਮ ਆਦਮੀ ਪਾਰਟੀ ਤੇ ਰਾਜਸਭਾ ਐਮ.ਪੀ ਸੰਜੀਵ ਅਰੋੜਾ ਦੇ ਟਿਕਾਣਿਆਂ 'ਤੇ ਐਨਫੋਰਸਮੈਂਟ ਡਾਇਰਕਟੋਰੇਟ ਨੇ ਛਾਪੇਮਾਰੀ ਕੀਤੀ ਏ। ਜ਼ਿਕਰਯੋਗ ਏ ਕਿ ਭਾਰਤ ਭੂਸ਼ਣ ਆਸ਼ੂ ਜੋ ਪਹਿਲਾਂ ਹੀ ਅਨਾਜ ਘੁਟਾਲੇ ਦੇ ਵਿੱਚ ਈ.ਡੀ ਦੀ

ਗਿਰਫਤ ਦੇ ਵਿੱਚ ਨੇ ਹੇਮੰਤ ਸੂਦ, ਉਹਨਾਂ ਦੇ ਕਾਫੀ ਕਰੀਬੀ ਦੱਸੇ ਜਾਂਦੇ ਨੇ।

-----------------------------------------------------------

ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਪੰਜਾਬ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਏ ਕਿ ਮਾੜੇ ਵਿੱਤੀ ਪ੍ਰਬੰਧਾਂ ਕਾਰਨ ਪੰਜਾਬ ਹਰ ਤਰ੍ਹਾਂ ਨਾਲ ਕਰਜ਼ੇ ਦੇ ਬੋਝ ਹੇਠ ਦੱਬਿਆ ਜਾ ਰਿਹਾ ਏ। ਚੁੱਘ ਨੇ ਕਿਹਾ ਕਿ ਹਾਲ ਹੀ ਵਿੱਚ ਪੰਜਾਬ ਸਰਕਾਰ ਨੇ 10 ਹਜਾਰ ਕਰੋੜ ਰੁਪਏ ਦੇ ਵਾਧੂ ਕਰਜ਼ੇ ਲਈ ਕੇਂਦਰ ਸਰਕਾਰ ਨੂੰ ਪੱਤਰ ਲਿਖਿਆ ਸੀ। ਉਨਾਂ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਸਰਕਾਰ ਆਪਣੀਆਂ ਰੋਜ਼ਮਰ੍ਹਾ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕੇਗੀ।

-----------------------------------------------------------

ਪੰਜਾਬ ਵਿਚ ਅਜ ਰਾਤ ਤੋਂ ਮੌਸਮ ਮੁੜ ਬਦਲ ਜਾਏਗਾ। ਇਸ ਦੇ ਨਾਲ ਹੀ ਅਗਲੇ 2 ਦਿਨਾਂ ਵਿਚ ਸੂਬੇ ਦੇ ਕੁਝ ਜ਼ਿਲ੍ਹਿਆਂ ਵਿਚ ਮੀਂਹ ਪੈਣ ਦੀ ਸੰਭਾਵਨਾ ਏ। ਪਿਛਲੇ 24 ਘੰਟਿਆਂ ਦੌਰਾਨ ਸੂਬੇ ਦੇ ਵੱਧ ਤੋਂ ਵੱਧ

ਤਾਪਮਾਨ ਵਿਚ 1.7 ਡਿਗਰੀ ਦੀ ਗਿਰਾਵਟ ਦਰਜ ਕੀਤੀ ਗਈ ਏ। ਸਭ ਤੋਂ ਵੱਧ ਤਾਪਮਾਨ ਪਟਿਆਲਾ ਵਿਚ 35.6 ਦਰਜ ਕੀਤਾ ਗਿਆ ਏ।